# ਪ੍ਰਾਪਰਟੀ ਟੈਕਸ ਦੇਣ ਦੀ ਆਖਰੀ ਮਿਤੀ 5 ਜੁਲਾਈ 2022
# ਮਹੱਤਵਪੂਰਨ ਜਾਣਕਾਰੀ

CITY OF VANCOUVER

IMPORTANT: This notice contains information on property taxes. For translations or more information, please visit: **vancouver.ca/property-tax**

**重要說明：** 此消息包含有關 住房稅 的信息。有關翻譯文本或更多信息，請訪問： **vancouver.ca/property-tax**

**ਮਹੱਤਵਪੂਰਣ:** ਇਸ ਨੋਟਿਸ ਵੱਚਿ ਪ੍ਰਾਪਰਟੀ ਟੈਕਸ ਬਾਰੇ ਜਾਣਕਾਰੀ ਸ਼ਾਮਲ ਹੈ। ਅਨੁਵਾਦਾਂ ਜਾਂ ਵਧੇਰੇ ਜਾਣਕਾਰੀ ਲਈ, ਕਰਿਪਾ ਕਰਕੇ ਵੇਖੋ: **vancouver.ca/property-tax**

**重要提示**：此讯息包含有关 房屋税 方面的资讯，如果需要参阅翻译文本或者是获得更多资讯，请浏览: **vancouver.ca/property-tax**

ਈਮੇਲ ਦੁਆਰਾ ਟੈਕਸ ਨੋਟਸਿ ਪ੍ਰਾਪਤ ਕਰਨ ਲਈ ਰਜਸਿਟਰ ਕਰੋ। ਅੱਜ ਹੀ ਇਸ ਵੈੱਬਸਾਈਟ ‘ਤੇ ਨਾਮ ਦਰਜ ਕਰਾਓ: **vancouver.ca/property-services**

## ਮੇਰੇ ਪ੍ਰਾਪਰਟੀ ਟੈਕਸ ਕਿੱਥੇ ਜਾਂਦੇ ਹਨ?

ਸਾਡੇ ਦੁਆਰਾ ਇਕੱਠੀਆਂ ਕੀਤੀਆਂ ਜਾਂਦੀਆਂ ਪ੍ਰਾਪਰਟੀ ਟੈਕਸ ਅਤੇ ਸਹੂਲਤਾਂ ਦੀਆਂ ਫ਼ੀਸਾਂ ਵਚਿੋਂ ਲਗਭਗ ਅੱਧੇ ਨੂੰ ਸਟਿੀ ਸੇਵਾਵਾਂ ‘ਤੇ ਖਰਚਿਆ ਜਾਂਦਾ ਹੈ; ਦੂਸਰਾ ਅੱਧਾ ਹਸਿਾ ਹੋਰ ਟੈਕਸ ਅਦਾਰਿਆਂ ਦੀ ਤਰਫ਼ੋਂ ਇਕੱਠਾ ਕੀਤਾ ਜਾਂਦਾ ਹੈ ਅਤੇ ਖੇਤਰੀ ਸੇਵਾਵਾਂ, ਸਕੂਲਾਂ ਅਤੇ ਆਵਾਜਾਈ, ਪੀਣ ਵਾਲੇ ਪਾਣੀ ਦੀ ਸਪਲਾਈ ਕਰਨ ਅਤੇ ਗੰਦੇ ਪਾਣੀ ਦੀ ਸਫਾਈ ਕਰਨ ਵੱਲ ਜਾਂਦਾ ਹੈ।

ਪਛਿਲੇ ਦਹਾਕੇ ਦੌਰਾਨ, ਹੋਰ ਟੈਕਸ ਅਦਾਰਿਆਂ ਦੁਆਰਾ ਵਸੂਲੇ ਜਾਣ ਵਾਲੇ ਪ੍ਰਾਪਰਟੀ ਟੈਕਸਾਂ ਵਚਿ ਕਾਫ਼ੀ ਵਾਧਾ ਹੋਇਆ ਹੈ। ਸਟਿੀ ਦਾ ਇਸ ਗੱਲ ‘ਤੇ ਕੋਈ ਨਯਿੰਤਰਣ ਨਹੀਂ ਹੈ ਕਿ ਇਹ ਹੋਰ ਟੈਕਸ ਲੈਣ ਵਾਲੀਆਂ ਅਥਾਰਟੀਆਂ ਕੀ ਵਸੂਲਦੀਆਂ ਹਨ ਜਾਂ ਉਹ ਪੂਰੇ ਖੇਤਰ ਵਚਿ ਆਪਣੇ ਟੈਕਸਾਂ ਨੂੰ ਕਵਿੇਂ ਵੰਡਦੀਆਂ ਹਨ।

ਤੁਹਾਡੇ ਦੁਆਰਾ ਅਦਾ ਕੀਤੇ ਜਾਣ ਵਾਲੇ ਪ੍ਰਾਪਰਟੀ ਟੈਕਸ ਦੀ ਰਕਮ ਤੁਹਾਡੇ ਸਾਲਾਨਾ ਪ੍ਰਾਪਰਟੀ ਦੇ ਮੁਲਾਂਕਣ ਕੀਤੇ ਮੁੱਲ ‘ਤੇ ਅਧਾਰਤ ਹੁੰਦੀ ਹੈ, ਜਵਿੇਂ ਕਿ BC ਅਸੈਸਮੈਂਟ ਦੁਆਰਾ ਨਰਿਧਾਰਤ ਕੀਤਾ ਜਾਂਦਾ ਹੈ।

| | | |
|---|---|---|
| A | 18% | ਸੂਬਾਈ ਸਕੂਲ ਟੈਕਸ |
| B | 15% | ਮੈਟਰੋ ਵੈਨਕੂਵਰ ਰੀਜਨਲ ਡਸਿਟ੍ਰਕਿਟ (ਟੈਕਸ ਅਤੇ ਸਹੂਲਤਾਂ) |
| C | 7% | ਟ੍ਰਾਂਸਲਿੰਕ |
| D | 1% | ਬੀਸੀ ਅਸੈਸਮੈਂਟ (BC Assessment) ਅਤੇ ਮਿਉਂਸਪਿਲ ਫਾਇਨਾਂਸ (Municipal Finance) ਅਥਾਰਟੀ |
| E | 59% | ਵੈਨਕੂਵਰ ਸਟਿੀ (ਟੈਕਸ ਅਤੇ ਸਹੂਲਤਾਂ) |




*ਮੀਡੀਅਨ ਇਕੱਲੇ-ਪਰਵਿਾਰ ਵਾਲੇ ਘਰ ‘ਤੇ ਅਧਾਰਤਿ (2022)

### ਜਲਵਾਯੂ ਪਹਿਲਕਦਮੀਆਂ ਦਾ ਸਮਰਥਨ ਕਰਨਾ

ਕਾਉਂਸਲਿ ਨੇ ਇਸ ਸਾਲ ਦੇ ਬਜਟ ਵਚਿ $9 ਮਲਿੀਅਨ ਵਾਧੂ ਨੂੰ ਮਨਜ਼ੂਰੀ ਦੱਤਿੀ, ਨਵੇਂ ਜਲਵਾਯੂ-ਸੰਬੰਧਤਿ ਨਵਿੇਸ਼ਾਂ ਲਈ ਜੋ ਸਟਿੀ ਦੇ ਜਲਵਾਯੂ ਐਮਰਜੈਂਸੀ ਐਕਸ਼ਨ ਪਲਾਨ ਨੂੰ ਅੱਗੇ ਵਧਾਉਂਦੇ ਹਨ। vancouver.ca/2022-budget ‘ਤੇ ਹੋਰ ਜਾਣੋ

### ਪੁਲਸਿ ਸੇਵਾਵਾਂ

ਸਟਿੀ ਕਾਉਂਸਲਿ ਨੇ 2021 ਲਈ ਵੈਨਕੂਵਰ ਪੁਲਸਿ ਵਭਿਾਗ ਦੇ ਬਜਟ ਨੂੰ ਫਲੈਟ ਰੱਖਣ ਲਈ ਵੋਟ ਦੱਤਿੀ, ਅਤੇ ਬਜਟ ਵਚਿ ਵੈਨਕੂਵਰ ਪੁਲਸਿ ਬੋਰਡ ਦੁਆਰਾ ਬੇਨਤੀ ਕੀਤੇ $5.7 ਮਲਿੀਅਨ ਦੇ ਵਾਧੇ ਦਾ ਸਮਰਥਨ ਨਹੀਂ ਕੀਤਾ। ਵੈਨਕੂਵਰ ਪੁਲਸਿ ਬੋਰਡ ਨੇ ਇਸ ਫੈਸਲੇ ਦੀ ਪੁਲਸਿ ਸੇਵਾਵਾਂ ਦੇ ਸੂਬਾਈ ਡਾਇਰੈਕਟਰ (Provincial Director of Police Services) ਕੋਲ ਅਪੀਲ ਕੀਤੀ, ਜਸਿ ਨੇ ਇਹ ਨਰਿਧਾਰਤਿ ਕੀਤਾ ਕਿ ਸਟਿੀ $5.7 ਮਲਿੀਅਨ ਪ੍ਰਦਾਨ ਕਰਨ ਲਈ ਪਾਬੰਦ ਹੈ ਜੋ ਪੁਲਸਿ ਬੋਰਡ ਦੇ 2021 ਲਈ ਬਜਟ ਬੇਨਤੀ ਤੋਂ ਰੋਕਿਆ ਗਿਆ ਸੀ।

ਇਹ ਫੈਸਲਾ 2022 ਲਈ ਟੈਕਸ ਰੇਟ ਨੂੰ ਪ੍ਰਭਾਵਤ ਨਹੀਂ ਕਰੇਗਾ, ਕਉਿਂਕਿ ਸਟਿੀ ਕਾਉਂਸਲਿ ਨੇ 2022 ਵਚਿ ਰਜ਼ਿਰਵ ਤੋਂ ਇਸਦੇ ਲਈ ਰਕਮ ਦੇਣ ਲਈ ਵੋਟ ਦੱਤਿੀ ਸੀ। ਬਜਟ ਵਚਿ ਇਸ ਵਾਧੇ ਲਈ ਜਾਰੀ ਫੰਡਗਿ ਪ੍ਰਦਾਨ ਕਰਨ ਲਈ 2023 ਵਚਿ ਇੱਕ ਟੈਕਸ ਵਾਧੇ ਦੀ ਲੋੜ ਹੋਵੇਗੀ।

ਵੈਨਕੂਵਰ ਪੁਲਸਿ ਵਭਿਾਗ ਇਤਹਿਾਸਕ ਤੌਰ ‘ਤੇ ਸਟਿੀ ਦੇ ਬਜਟ ਦਾ ਸਭ ਤੋਂ ਵੱਡਾ ਸੇਵਾ ਵਭਿਾਗ ਰਹਿਾ ਹੈ ਅਤੇ ਇਹ 2022 ਦੇ ਆਪਰੇਟਗਿ ਬਜਟ ਵਚਿ ਕੁੱਲ ਖਰਚਆਿਂ ਦਾ 21% ਬਣਦਾ ਹੈ। 2022 ਦੇ ਬਜਟ ਵਚਿ, ਸਟਿੀ ਦੇ 5.7% ਪ੍ਰਾਪਰਟੀ ਟੈਕਸ ਵਾਧੇ ਵਚਿੋਂ 46% ਵੈਨਕੂਵਰ ਪੁਲਸਿ ਵਭਿਾਗ ਦੇ ਬਜਟ ਨੂੰ ਫੰਡ ਦੇਣ ਲਈ ਲੋੜੀਂਦਾ ਹੈ।

ਪੁਲਸਿ ਸੇਵਾਵਾਂ ਬਾਰੇ ਹੋਰ ਜਾਣਕਾਰੀ ਲਈ:

ਈਮੇਲ: office@vancouverpoliceboard.ca

ਜਾਂ ਇਸ ਵੈੱਬਸਾਈਟ ‘ਤੇ ਜਾਓ: vancouverpoliceboard.ca

## ਖਾਲੀ ਘਰਾਂ ‘ਤੇ ਟੈਕਸ (EMPTY HOMES TAX)

2021 ਅਤੇ 2022 ਟੈਕਸ ਸਾਲਾਂ ਲਈ EHT ਰੇਟ 3% ਹੈ। 2023 ਵਚਿ, EHT ਟੈਕਸ ਦਰ 3% ਤੋਂ ਵਧਾ ਕੇ 5% ਕਰ ਦੱਤਿੀ ਜਾਵੇਗੀ।

### ਦੇਰ ਨਾਲ ਐਲਾਨ

ਕੀ ਤੁਸੀਂ ਰਹਿਾਇਸ਼ੀ ਜਾਇਦਾਦ ਦੇ ਮਾਲਕ ਹੋ ਜੋ 2021 ਲਈ ਆਪਣਾ ਐਲਾਨ ਕਰਨਾ ਭੁੱਲ ਗਏ ਸੀ? ਦੇਰ ਨਾਲ ਐਲਾਨ ਹੁਣ ਖੁੱਲ੍ਹੇ ਹਨ। 2020 ਟੈਕਸ ਸਾਲ ਲਈ ਦੇਰ ਨਾਲ ਐਲਾਨ 5 ਜੁਲਾਈ, 2022 ਤੱਕ ਕੀਤੇ ਜਾ ਸਕਦੇ ਹਨ।

ਹੁਣੇ ਐਲਾਨ ਕਰੋ: vancouver.ca/eht-declare

### ਅਦਾਇਗੀਆਂ

ਖਾਲੀ ਘਰਾਂ ਦੀਆਂ ਟੈਕਸ ਅਦਾਇਗੀਆਂ 14 ਅਪ੍ਰੈਲ 2022 ਨੂੰ ਨਯਿਤ ਸਨ। 31 ਦਸੰਬਰ 2022 ਤੱਕ ਕੋਈ ਅਦਾ ਨਾ ਕੀਤਾ ਗਿਆ ਟੈਕਸ ਤੁਹਾਡੇ 2023 ਦੇ ਪ੍ਰਾਪਰਟੀ ਟੈਕਸ ਨੋਟਸਿ ਵਚਿ ਜੋੜ ਦੱਤਿਾ ਜਾਵੇਗਾ।

ਵੈਨਕੂਵਰ ਦਾ ਖਾਲੀ ਘਰਾਂ ‘ਤੇ ਟੈਕਸ, ਸੂਬੇ ਦੇ ਸਪੈਕੁਲੇਸ਼ਨ ਐਂਡ ਵੈਕੇਂਸੀ ਟੈਕਸ (Speculation and Vacancy Tax) ਤੋਂ ਵੱਖਰਾ ਹੈ। ਸੂਬੇ ਦੇ ਟੈਕਸ ਸੰਬੰਧੀ ਪੁੱਛ-ਗਛਿ ਲਈ gov.bc.ca/spectax ‘ਤੇ ਜਾਓ



# 2022 ਪ੍ਰਾਪਰਟੀ ਟੈਕਸ - ਅੱਪਡੇਟ ਅਤੇ ਰੀਮਾਈਂਡਰ

## ਹਾਊਸ ਘਰ ਦੇ ਮਾਲਕ ਦੀ ਗ੍ਰਾਂਟ (HOME OWNER GRANT) ਦਾ ਦਾਅਵਾ ਕਰਨਾ

ਘਰ ਦੇ ਮਾਲਕ ਦੀ ਗ੍ਰਾਂਟ ਦੀਆਂ ਅਰਜ਼ੀਆਂ ਲਾਜ਼ਮੀ ਤੌਰ 'ਤੇ ਸੂਬੇ ਨੂੰ ਸਿੱਧਿਆ ਇਸ ਪਤੇ 'ਤੇ ਭੇਜੀਆਂ ਜਾਣ:
gov.bc.ca/homeownergrant
ਮਦਦ ਵਾਸਤੇ ਸੂਬੇ ਨੂੰ 1-888-355-2700 'ਤੇ ਕਾਲ ਕਰੋ
ਮਹੱਤਵਪੂਰਨ: ਜਦੋਂ ਤੁਹਾਨੂੰ ਇਸ ਗੱਲ ਦੀ ਪੁਸ਼ਟੀ ਮਿਲ ਜਾਵੇ ਕਿ ਤੁਹਾਡੀ ਗ੍ਰਾਂਟ ਦੀ ਅਰਜ਼ੀ ਸਫਲ ਹੋ ਗਈ ਹੈ, ਤਾਂ ਤੁਹਾਡੇ ਵੈਨਕੂਵਰ ਸਿਟੀ ਟੈਕਸ ਖਾਤੇ ਵਿਚਲੇ ਬਕਾਏ ਨੂੰ ਅੱਪਡੇਟ ਹੋਣ ਵਿੱਚ 3-4 ਕਾਰੋਬਾਰੀ ਦਿਨ ਲੱਗ ਸਕਦੇ ਹਨ। ਦੇਰੀ ਨਾਲ ਕੀਤੀਆਂ ਅਦਾਇਗੀਆਂ ਲਈ ਜੁਰਮਾਨੇ ਤੋਂ ਬਚਣ ਲਈ, ਇਹ ਪੱਕਾ ਕਰੋ ਕਿ ਤੁਸੀਂ ਬਕਾਇਆ ਰਕਮ (ਤੁਹਾਡੀ ਯੋਗ ਗ੍ਰਾਂਟ ਰਕਮ ਦੁਆਰਾ ਘਟਾਈ ਗਈ) ਨੂੰ ਪ੍ਰਾਪਰਟੀ ਟੈਕਸ ਅਦਾ ਕਰਨ ਲਈ ਨਿਯਤ ਮਿਤੀ ਤੋਂ ਪਹਿਲਾਂ ਅਦਾ ਕਰਨ ਦਾ ਪ੍ਰਬੰਧ ਕੀਤਾ ਹੈ।

## ਵਾਧੂ ਸਕੂਲ ਟੈਕਸ

ਜੇ ਤੁਹਾਡੀ ਰਿਹਾਇਸ਼ੀ ਪ੍ਰਾਪਰਟੀ ਦੀ ਕੀਮਤ $3 ਮਿਲੀਅਨ ਤੋਂ ਵੱਧ ਹੈ, $3-4 ਮਿਲੀਅਨ ਤਕ ਦੇ ਮੁਲਾਂਕਣ ਕੀਤੇ ਗਏ ਹਿੱਸੇ 'ਤੇ 0.2% ਅਤੇ $4 ਮਿਲੀਅਨ ਤੋਂ ਵੱਧ ਮੁਲਾਂਕਣ ਕੀਤੇ ਗਏ ਹਿੱਸੇ 'ਤੇ 0.4% ਦੀ ਦਰ 'ਤੇ ਵਾਧੂ ਸਕੂਲ ਟੈਕਸ (Additional School) ਵਸੂਲ ਕੀਤਾ ਜਾ ਸਕਦਾ ਹੈ। ਸੂਬੇ ਦੀ ਵੈੱਬਸਾਈਟ 'ਤੇ ਹੋਰ ਜਾਣੋ: gov.bc.ca/schooltax

## ਪ੍ਰਾਪਰਟੀ ਟੈਕਸ ਨੂੰ ਮੁਲਤਵੀ ਕਰਨਾ

ਸੂਬੇ ਦਾ ਪ੍ਰਾਪਰਟੀ ਟੈਕਸ ਮੁਲਤਵੀ ਪ੍ਰੋਗਰਾਮ (Property Tax Deferment Program) ਇੱਕ ਘੱਟ ਵਿਆਜ ਵਾਲਾ ਸੂਬਾਈ ਲੋਨ ਪ੍ਰੋਗਰਾਮ ਹੈ ਜੋ BC ਦੇ ਯੋਗਤਾ ਪ੍ਰਾਪਤ ਘਰਾਂ ਦੇ ਮਾਲਕਾਂ ਨੂੰ ਉਹਨਾਂ ਦਾ ਸਲਾਨਾ ਪ੍ਰਾਪਰਟੀ ਟੈਕਸ ਅਦਾ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।
ਆਪਣੀ ਪ੍ਰਾਪਰਟੀ ਟੈਕਸ ਮੁਲਤਵੀ ਅਰਜ਼ੀ ਸੂਬੇ ਕੋਲ ਜਮ੍ਹਾਂ ਕਰੋ, ਜਾਂ ਇਸ ਵੈੱਬਸਾਈਟ 'ਤੇ ਪ੍ਰੋਗਰਾਮ ਬਾਰੇ ਹੋਰ ਜਾਣੋ:
gov.bc.ca/propertytaxdeferment
ਈਮੇਲ: taxdeferment@gov.bc.ca
ਫੋਨ: 1-888-355-2700

## ਜ਼ਮੀਨ ਦੇ ਮੁਲਾਂਕਣ ਵਿੱਚ ਕਾਫ਼ੀ ਜ਼ਿਆਦਾ ਵਾਧੇ ਨੂੰ ਹੱਲ ਕਰਨਾ

ਵੈਨਕੂਵਰ ਯੋਗ ਰਿਹਾਇਸ਼ੀ (ਕਲਾਸ 1), ਹਲਕੇ ਉਦਯੋਗ (ਕਲਾਸ 5) ਅਤੇ ਵਪਾਰ (ਕਲਾਸ 6) ਸੰਪਤੀਆਂ ਲਈ ਭੂਮੀ ਮੁੱਲ ਵਿੱਚ ਕਾਫ਼ੀ ਜ਼ਿਆਦਾ ਵਾਧੇ ਤੋਂ ਪੈਦਾ ਹੋਣ ਵਾਲੇ ਟੈਕਸਾਂ ਦੇ ਪ੍ਰਭਾਵ ਨੂੰ ਘੱਟ ਕਰਨ ਵਿੱਚ ਮਦਦ ਕਰਨ ਲਈ ਤੀਚਾਬੱਧ ਜ਼ਮੀਨੀ ਮੁਲਾਂਕਣ ਨੂੰ ਔਸਤ ਕਰਨ ਦੀ ਵਰਤੋਂ ਕਰਦਾ ਹੈ। ਜੇ ਤੁਹਾਡੀ ਪ੍ਰਾਪਰਟੀ ਇਸਦੇ ਯੋਗ ਹੈ, ਤਾਂ ਤਬਦੀਲੀ ਨੂੰ ਤੁਹਾਡੇ ਟੈਕਸ ਨੋਟਿਸ 'ਤੇ ਦਰਸਾਇਆ ਜਾਂਦਾ ਹੈ। ਇਸ ਵੈੱਬਸਾਈਟ 'ਤੇ ਵਧੇਰੇ ਜਾਣਕਾਰੀ ਲਵੋ
vancouver.ca/averaging
ਮਿਉਂਨਿਸਿਪੈਲਟੀਆਂ ਵਰਤਮਾਨ ਵਿੱਚ ਇਸ ਗੱਲ ਵਿੱਚ ਸੀਮਤ ਹਨ ਕਿ ਉਹ ਅਣਵਰਤੀ ਵਿਕਾਸ ਸੰਭਾਵਨਾ ਤੋਂ ਪੈਦਾ ਹੋਣ ਵਾਲੇ ਟੈਕਸ ਪ੍ਰਭਾਵ ਨੂੰ ਹੱਲ ਕਰਨ ਲਈ ਕੀ ਕਰ ਸਕਦੀਆਂ ਹਨ। ਬੀਸੀ ਮਿਉਂਨਿਸਿਪੈਲਟੀਆਂ ਦੀ ਯੂਨੀਅਨ (Union of BC Municipalities) ਨੇ "ਇੱਕ ਨਵੀਂ ਵਪਾਰਕ ਉਪ-ਸ਼੍ਰੇਣੀ ਰਾਹੀਂ ਸਪਲਿਟ ਮੁਲਾਂਕਣ" ਤਰੀਕੇ ਦੀ ਹਮਾਇਤ ਕੀਤੀ ਹੈ, ਜਿਸ ਨਾਲ ਸਿਟੀ ਨਾ ਵਰਤੀਆਂ ਵਿਕਾਸ ਸੰਭਾਵਨਾਵਾਂ 'ਤੇ ਘੱਟ ਟੈਕਸ ਦਰ ਨਿਯਤ ਕਰ ਸਕੇਗੀ। ਅਸੀਂ ਸੂਬੇ ਅੱਗੇ ਇਸ ਵਿਕਲਪ 'ਤੇ ਵਿਚਾਰ ਕਰਨ ਦੀ ਲਗਾਤਾਰ ਵਕਾਲਤ ਕਰ ਰਹੇ ਹਾਂ। vancouver.ca/property-tax 'ਤੇ ਹੋਰ ਜਾਣੋ

## ਮੈਂ ਇਹ ਕਿਵੇਂ ਕਰਾਂ...

### ਮੇਰੇ ਟੈਕਸ ਨੋਟਿਸ ਨੂੰ ਸਮਝਣ ਵਿੱਚ ਮਦਦ ਪ੍ਰਾਪਤ ਕਰਨੀ

ਆਪਣੇ ਟੈਕਸ ਨੋਟਿਸ ਨੂੰ ਕਿਵੇਂ ਪੜ੍ਹਨਾ ਹੈ ਇਸ ਬਾਰੇ ਸਾਡੀ ਗਾਈਡ ਇਸ ਵੈੱਬਸਾਈਟ 'ਤੇ ਦੇਖੋ: vancouver.ca/tax-notice

### ਮੇਰੇ ਟੈਕਸ ਨੋਟਿਸ ਦੀ ਅਦਾਇਗੀ ਕਰਨੀ

ਅਦਾਇਗੀ ਕਰਨ ਦਾ ਸਭ ਤੋਂ ਤੇਜ਼ ਅਤੇ ਆਸਾਨ ਤਰੀਕਾ ਤੁਹਾਡੀ ਵਿੱਤੀ ਸੰਸਥਾ ਦੁਆਰਾ ਔਨਲਾਈਨ ਅਦਾਇਗੀ ਕਰਨਾ ਹੈ। ਅਦਾਇਗੀ ਕਰਨ ਦੇ ਹੋਰ ਤਰੀਕਿਆਂ ਬਾਰੇ ਵੇਰਵਿਆਂ ਲਈ ਆਪਣੇ ਟੈਕਸ ਨੋਟਿਸ ਦੇ ਪਿਛਲੇ ਪਾਸੇ ਦੇਖੋ ਜਾਂ ਇਸ ਵੈੱਬਸਾਈਟ 'ਤੇ ਜਾਓ: vancouver.ca/property-tax

### ਈਮੇਲ ਦੁਆਰਾ ਮੇਰੇ ਟੈਕਸ ਨੋਟਿਸ ਪ੍ਰਾਪਤ ਕਰਨ ਲਈ ਰਜਿਸਟਰ ਕਰਨਾ

ਇੱਕ ਔਨਲਾਈਨ ਸੇਵਾਵਾਂ ਦੇ ਖਾਤੇ ਦੇ ਨਾਲ ਤੁਸੀਂ ਆਪਣਾ ਅਗਲਾ ਟੈਕਸ ਨੋਟਿਸ ਇਲੈਕਟ੍ਰੌਨਿਕ ਤਰੀਕੇ ਨਾਲ ਪ੍ਰਾਪਤ ਕਰਨ ਲਈ ਨਾਮ ਦਰਜ ਕਰਾ ਸਕਦੇ ਹੋ, ਅਤੇ ਕਿਸੇ ਵੀ ਸਮੇਂ ਆਪਣੇ ਖਾਤੇ ਦੇ ਬਕਾਏ ਅਤੇ ਵੇਰਵਿਆਂ ਦੀ ਜਾਂਚ ਕਰ ਸਕਦੇ ਹੋ। ਅੱਜ ਹੀ ਇਸ ਵੈੱਬਸਾਈਟ 'ਤੇ ਨਾਮ ਦਰਜ ਕਰਾਓ: vancouver.ca/property-services

### ਮੇਰਾ ਡਾਕ ਪਤਾ ਅੱਪਡੇਟ ਕਰੋ

ਹਾਲ ਹੀ ਵਿੱਚ ਆਪਣਾ ਡਾਕ ਪਤਾ ਬਦਲਿਆ ਹੈ ਜਾਂ ਆਪਣੀ ਰਿਹਾਇਸ਼ ਤੋਂ ਇਲਾਵਾ ਹੋਰ ਪ੍ਰਾਪਰਟੀਆਂ ਦੇ ਮਾਲਕ ਹੋ? BC ਅਸੈਸਮੈਂਟ ਕੋਲ ਆਪਣਾ ਪਤਾ ਅੱਪਡੇਟ ਕਰਨਾ ਨਾ ਭੁੱਲੋ।
ਇਸ ਵੈੱਬਸਾਈਟ 'ਤੇ ਜਾਓ: bcassessment.ca/update